**ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ,**

**ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ**

**(ਅਮਲਾ-5 ਸ਼ਾਖਾ)**

**(Email: e5dhspunjab404@gmail.com)**

ਸੇਵਾ ਵਿਖੇ

ਵਾਈਸ ਚਾਂਸਲਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਫਰੀਦਕੋਟ।

ਮੀਮੋ ਨੰਬਰ: ਅ-5(1)-ਪੰ.-2026/2523
ਮਿਤੀ, ਚੰਡੀਗੜ੍ਹ; 4/6/2026

**ਵਿਸ਼ਾ:** **ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਧੀਨ ਫਾਰਮਾਸਿਸਟ (ਫਾਰਮੇਸੀ ਅਫ਼ਸਰ) ਦੀਆਂ 454 ਖਾਲੀ ਅਸਾਮੀਆਂ ਨੂੰ ਸਿੱਧੀ ਭਰਤੀ ਰਾਹੀਂ ਭਰਨ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-5 ਸ਼ਾਖਾ) ਵੱਲੋਂ ਪੱਤਰ ਮੀਮੋ ਨੰਬਰ 01/09/2020-2ਸਿ5(ਪ.ਫ.)/597-598 ਮਿਤੀ 30.06.2023 ਅਤੇ ਮੀਮੋ ਨੰ: 1105650: HFW-HLH5021/55/2026-3H5/1/1375227/2026 ਮਿਤੀ 22.04.2026 ਰਾਹੀਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਧੀਨ ਫਾਰਮਾਸਿਸਟ (ਫਾਰਮੇਸੀ ਅਫ਼ਸਰ) ਦੀਆਂ 350+104 (ਕੁੱਲ 454) ਖਾਲੀ ਅਸਾਮੀਆਂ ਨੂੰ ਸਿੱਧੀ ਭਰਤੀ ਰਾਹੀਂ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਭਰਤੀ ਸਬੰਧੀ ਅਸਾਮੀਆਂ ਦਾ ਵਿਸਥਾਰਪੂਰਵਕ ਵੇਰਵਾ, ਸ਼੍ਰੇਣੀ ਵਾਈਜ਼ ਅਸਾਮੀਆਂ ਦੀ ਵੰਡ, ਨਿਰਧਾਰਿਤ ਮਾਪਦੰਡ, ਸ਼ਰਤਾਂ ਅਤੇ ਨਿਯਮ ਨਾਲ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਨਿਰਧਾਰਿਤ ਯੋਗਤਾ ਅਤੇ ਨਿਯਮਾਂ ਅਨੁਸਾਰ ਤੁਰੰਤ ਇਸ਼ਤਿਹਾਰ ਜਾਰੀ ਕਰਕੇ ਯੋਗ ਉਮੀਦਵਾਰਾਂ ਪਾਸੋਂ, ਆਰਜ਼ੀਆਂ ਦੀ ਮੰਗ ਕੀਤੀ ਜਾਵੇ ਅਤੇ ਲਿਖਤੀ ਪ੍ਰੀਖਿਆ ਅਤੇ ਕਾਊਂਸਲਿੰਗ ਮੁਕੰਮਲ ਕਰਨ ਉਪਰੰਤ ਉਮੀਦਵਾਰਾਂ ਦੀ ਅੰਤਿਮ ਚੋਣ ਸੂਚੀ (Combined as well as Category Wise), ਫਾਈਨਲ ਨਤੀਜਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਨੱਥੀ: ਉਕਤ ਅਨੁਸਾਰ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ।

ਪਿੱਠ ਅੰਕਣ ਨੰਬਰ: ਅ-5(1)-ਪੰ.-2026/ ਮਿਤੀ, ਚੰਡੀਗੜ੍ਹ;

ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-5 ਸ਼ਾਖਾ) ਜੀ ਨੂੰ ਉਨ੍ਹਾਂ ਦੇ ਪੱਤਰ ਮੀਮੋ ਨੰਬਰ 01/09/2020-2ਸਿ5(ਪ.ਫ.)/597-598 ਮਿਤੀ 30.06.2023 (ਕਾਪੀ ਨੱਥੀ) ਅਤੇ ਮੀਮੋ ਨੰ: 1105650: HFW-HLH5021/55/2026-3H5/1/1375227/2026 ਮਿਤੀ 22.04.2026 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ।

(भा-5 शाखा)

**Name of Post** - **Pharmacist (Pharmacy Officer)**

**Qualification**

(i) Should have passed Senior Secondary Part-II Examination with Science or its equivalent from a recognised university or institution;
(ii) Should possess a Diploma in Pharmacy or Bachelor of Pharmacy or Pharm-D (Doctor of Pharmacy) from a recognised university or institution; or possess higher qualification in the same discipline from a recognized university or institution; and
(iii) Should be registered as Pharmacist with the Punjab Pharmacy Council set up under the Pharmacy Act, 1948.

**Initial Pay** - 29200 Level 5 - 7th CPC

**Number and Reservation/categories vise details of the Posts-** **(454 Posts)**

| **Category** | **Total No. of fresh Posts** | **Backlog** | **Total Posts** | **No. of Posts reserved for women (Out of Column 2)** |
|---|---|---|---|---|
| (1) | (2) | (3) | (4) | (5) |
| General | 136 | 00 | 136 | 39 |
| EWS | 34 | 00 | 34 | 11 |
| BC | 35 | 15 | 50 | 14 |
| SC (M&B) | 35 | 08 | 43 | 14 |
| SC (R&O) | 35 | 07 | 42 | 14 |
| ESM/LDESM (General) | 25 | 17 | 42 | 14 |
| ESM/LDESM (SC M&B) | 07 | 10 | 17 | 00 |
| ESM/LDESM (SC R&O) | 06 | 09 | 15 | 00 |
| ESM/LDESM (BC) | 07 | 07 | 14 | 00 |
| Physical Handicapped (Female) by Rotation | 14 | 00 | 14 | 07 |
| Sports (General) | 07 | 08 | 15 | 04 |
| Sports (SC M&B) | 02 | 03 | 05 | 00 |
| Sports (SC R&O) | 02 | 03 | 05 | 00 |
| Freedom Fighter (Female) by Rotation | 03 | 19 | 22 | 01 |
| Total | **348** | **106** | **454** | **118** |

**Criteria of recruitment:-**

1. **Written examination (By Baba Farid University of Health Sciences, Faridkot)** - **90 Marks**

2. **Experience** - **10 Marks**
**(As per Punjab Government, Department of Health and Family Welfare (Health-5 Branch) Letter Memo No. 1037633: HFW-HLH5021/161/2025-2H5/1/1329287/2026 dated, Chandigarh 26.02.2026 (Annexure-1).**

**Age :-**

1. Age limit: Between 18 and 37 years as on 1st Jan., 2026.

2. Relaxation in upper age for various categories is as below:

i. SC/ BC, candidates is 5 years

ii. Physically Handicapped is 10 years

iii. candidates for Ex-Servicemen Category, the age relaxation will be as follows:

"For recruitment to any vacancy in the State Civil Services whether reserved or not under these rules an Ex-Servicemen shall be allowed to deduct the period of his/her service in the Armed Forces of the Union from his/her actual age and if the resultant age does not exceed the maximum age limit prescribed for direct appointment to such vacancy in the concerned Service rules, by more than 3 years, he/she shall be deemed to satisfy the condition regarding age limit"

iv. Upper age limit may be relaxed up to 45 years for Punjab Govt. and its Board/ Corporation/ Commission and Authorities employees, all States/ Central Government employees.

v. Upper age will be relaxed as per the Punjab Government, Department of Health and Family Welfare (Health-5 Branch) Letter Memo No. 1037633:HFW-HLH5021/161/2025-2H5/1/1329287/2026 dated, Chandigarh 26.02.2026 (Annexure-1)

vi. The upper age limit for widows, divorcees and certain other categories of married women as per instructions issued by the Government of Punjab vide letter No. 1/50/83-5PP(1368)-3454 dated 23.04.1984 will be relaxed upto 40 years.

**Terms and Conditions:**

1. That the selected candidates shall be entitled for pay scales/ emoluments as per the instructions issued by Punjab Government, Department of Finance (Finance Personnel-1 Branch) No. 7/42/2020-5FP1/471-746 dated 17.07.2020, Department of Health and Family Welfare Technical Group 'C' Service, Rules of 2016/first amendment dated 23.07.2025 and as per Government of Punjab (Department of Personnel) letter No. 7/204/2012-4FP1/66, dated 15-01-2015 and its subsequent amendments.

2.a) **Knowledge of Punjabi: -** No person shall be appointed to any post in any service by direct appointment unless he has passed Matriculation examination with Punjabi as one of the compulsory or elective subject or any other equivalent examination in Punjabi language, which may be specified by the Government from time to time.

b) **As per Government of Punjab Notification No. GSR72/Const./Art.309/ Amd.(22)/2022, dated 28.10.2022 that "Provided that no person shall be appointed to any post in Group-'C' service unless he had passed a qualifying test of Punjabi Language equivalent to Matriculation standard with at least fifty percent marks, to be conduct by respective recruitment agencies in addition to competitive examination. The test of Punjab Language shall be a mandatory qualifying test and failure to secure a minimum of fifty percent marks in Punjabi Language will disqualify the candidate for being considered**

**in the final merit list of candidates to be selected irrespective of their scores or marks in other papers of the respective exam."**

c) Provided further where a War Hero, who has been discharged from defence service or paramilitary forces on account of disability suffered by him or his widow or dependent member of his family, is appointed under the instructions issued in this behalf by the Government, the person so appointed will not be required to possess aforesaid knowledge of Punjabi Language.

d) Provided further that where a ward of defence service personal, who is bonafide resident of Punjab State, is appointed by direct appointment. he/she shall have to pass an examination of Punjabi Language equivalent to Matriculation standard or he shall have to qualify a test conducted by the Language Wing of the department of Education of Punjab Government with in a period of two years from the date of his appointment.

3. Reservation will be as per applicable rules and Punjab Government Policy Guidelines Number of posts given in the advertisement for reserved category is provisional.

4. The SC/ BC category certificate should be in accordance with the instructions of the Department of Welfare Punjab and the certificate for the Ex-Serviceman, Freedom Fighters, Economically Weaker Section and Sports persons categories should be in accordance with the instructions of the concerned Department.

5. Candidates should select their categories carefully, because candidates belonging to categories other than General Category are entitled in fee concession/ exemption, age relaxation and job reservation. **The Category once selected/filled will not be changed under any circumstances.** Candidates shall submit certificates issued by the Competent Authority in support of their claim to a particular category. Once a candidate selects a category to apply, it will not be changed again. Thus, in case the candidate selects the wrong category, therefore their candidature will be cancelled.

6. Ex-serviceman/ Lineal Descendent of Ex-serviceman (LDESM/ Grand children of Gallantry Award Winners who have domicile of Punjab are eligible for reservation under the Ex-serviceman category. LDESM/ Grand children of Gallantry Award Winners shall be considered against the vacancies for Ex-serviceman Only if no Ex-servicemen are available.

7. Sportspersons seeking reservation under Sports quota should have Sports Gradation Certificate issued by Director Sports, Punjab as per the latest instructions to claim benefit under this category. The relevant certificate should be there with the candidate as on the last date of the submission of the online application. No extra time will be given to candidates in this respect.

8. **The qualification including registration of candidates should be prior to the last date of filling the applications.**

9. No TA/DA will be paid for the journeys performed for the written test/ counseling etc.

10. The candidate applying for more than one post shall have to apply separately, along with necessary fees.

11. Candidates are requested to mention their sub category viz-a-viz Caste in online application form.

12. **Department has not any mechanism to check the certificates of candidates who are applying online. If, at any stage certificate of the candidate is found fictitious / bogus or ineligible, the candidature of the candidate will be cancelled and action will be taken according to law.**

13. Mere qualifying the written examination would not make the candidates eligible for appointment until and unless they produce Police Verification certificate, clearance of criminal charges if any pending against him/her in the court of law and other Police actions to the satisfaction of department.

14. Only those Government employees shall be eligible to issue appointment letters who are certified by the Head of the Department as not having any pending disciplinary proceedings or undergoing punishment under Punjab Civil Services (Punishment and Appeal) Rules, 1970, or any other material disqualification in terms of integrity and professional misconduct and necessary NOC should be obtained from the Head of the Department.

15. The number of posts can be increased or decreased at any time as per the requirement of department.

16. **NATIONALITY**: A candidate shall be a

i. Citizen of India; or

ii. Citizen of Nepal, or

iii. Subject of Bhutan; or

iv. Tibetan refugee who came over to India before 1st January, 1962 with the intention of permanently settlement in India, or,

iv. A person of Indian origin who has migrated from Pakistan, Burma, Sri Lanka and East Africa countries of Kenya, Uganda and United Republic of Tanzania (formerly Tanganyika and Zanzibar) Zambia, Malawi, Zaire, Ethiopia and Vietnam with the intension of permanently setting in India: Provided that a candidate belonging to categories (i), (ii), (iv) and (v) shall be a person in whose favour a certificate of eligibility has been issued by the Government of Punjab in the Department of Home Affairs and Justice.

17. The certificates/diplomas/ degrees issued by non-recognized institutions will not be considered and the candidature of candidates will be declared ineligible.

18. Candidates, who will score minimum 33 % marks in the written test, will only be declared as eligible and the candidates who will score less than 33% marks in the written test will be declared as ineligible.

19. Merely appearing in the written test will not entitle the candidates for the right to selection unless they fulfill the prescribed eligibility criteria and other terms and conditions of the advertisement. **Selection will be on the inter-se merit of the written test and marks of experience subject to the reservation prescribed by the Government of Punjab.**

20. In case qualified candidates obtain equal marks in the written examination, then preference will be given to the candidate who is elder in age.

21. No extra weight age shall be admissible to the candidates possessing higher qualification.

H Kaur

**Director Health and Family Welfare, Punjab**

**ਪੰਜਾਬ ਸਰਕਾਰ**

**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-5 ਸ਼ਾਖਾ)**

**ਹੁਕਮ**

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਰਾਜ ਦੇ ਲੋਕਾਂ ਨੂੰ ਡਾਕਟਰੀ ਸੰਸਥਾਵਾਂ ਦੇ ਚੰਗੇ ਨੈਟਵਰਕ ਜਿਵੇਂ ਕਿ ਉਪ-ਕੇਂਦਰਾਂ, ਸਹਾਇਕ ਸਿਹਤ ਕੇਂਦਰ (ਡਿਸਪੈਂਸਰੀਆਂ ਕਲੀਨਿਕਾਂ) ਮੁੱਢਲੇ ਸਿਹਤ ਕੇਂਦਰਾਂ, ਸਮੁਦਾਇਕ ਸਿਹਤ ਕੇਂਦਰਾਂ ਆਦਿ ਰਾਹੀਂ ਬਚਾਅ, ਉਤਸ਼ਾਹਜਨਕ ਅਤੇ ਉਪਚਾਰਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਰਾਜ ਦੇ ਵਸਨੀਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਭਾਗ ਅਧੀਨ ਖਾਲੀ ਪਈਆਂ ਵੱਖ-ਵੱਖ ਕਾਡਰ ਦੀਆਂ ਮੈਡੀਕਲ ਅਤੇ ਪੈਰਾ-ਮੈਡੀਕਲ ਅਸਾਮੀਆਂ ਤੇ ਭਰਤੀ ਕੀਤੀ ਜਾਣੀ ਅਤਿ ਜ਼ਰੂਰੀ ਹੈ, ਜੋ ਕਿ ਸਮੇਂ-ਸਮੇਂ ਤੇ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ।

2. ਸਿਹਤ ਵਿਭਾਗ ਵੱਲੋਂ ਕੋਵਿਡ-19 ਮਹਾਂਮਾਰੀ ਦੌਰਾਨ ਵੱਖ-ਵੱਖ ਜਿਲ੍ਹਿਆਂ ਵਿਚ ਬਣੇ ਕੋਵਿਡ ਕੇਅਰ ਸੈਂਟਰਾਂ ਵਿਖੇ ਲੋਕਾਂ ਨੂੰ ਮਹਾਂਮਾਰੀ ਦੇ ਸਮੇਂ ਦੌਰਾਨ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਮੈਡੀਕਲ ਅਤੇ ਪੈਰਾ-ਮੈਡੀਕਲ ਕਰਮੀਆਂ (ਡਾਕਟਰ, ਸਟਾਫ ਨਰਸ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ੀਅਨ ਅਤੇ ਵਾਰਡ ਅਟੈਂਡੈਂਟ) ਨੂੰ Temporary/Voluntary ਅਧਾਰ ਤੇ ਰੱਖਿਆ ਗਿਆ ਸੀ, ਜੋ ਕਿ ਇਸ ਸਮੇਂ ਵਿਭਾਗ ਅਧੀਨ ਕੰਮ ਨਹੀਂ ਕਰਦੇ ਹਨ।

ਇਸ ਤੋਂ ਇਲਾਵਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਆਉਂਦੇ ਵੱਖ-ਵੱਖ ਸੰਸਥਾਵਾਂ/ਵਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਲੰਬੇ ਸਮੇਂ ਤੋਂ ਠੇਕੇ/ਆਊਟਸੋਰਸ ਤੇ ਵੱਖ-ਵੱਖ ਸਕੀਮਾਂ ਅਧੀਨ ਬਹੁਤ ਸਾਰੇ ਕਰਮੀ ਕੰਮ ਕਰ ਰਹੇ ਹਨ। ਇਹ ਕਰਮੀ ਵਿਭਾਗ ਦੇ ਕੰਮਕਾਜ ਤੋਂ ਚੰਗੀ ਤਰ੍ਹਾਂ ਜਾਣੂ ਹਨ ਅਤੇ ਇਨ੍ਹਾਂ ਕਰਮੀਆਂ ਵੱਲੋਂ ਖਾਸ ਤੌਰ ਤੇ ਕੋਵਿਡ-19 ਦੀ ਮਹਾਂਮਾਰੀ ਦੌਰਾਨ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਹੋਏ ਵੱਡਮੁੱਲਾ ਯੋਗਦਾਨ ਪਾਇਆ ਹੈ।

ਇਸ ਲਈ ਸਰਕਾਰ ਵੱਲੋਂ ਕੋਵਿਡ ਮਹਾਂਮਾਰੀ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਜਾਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਵੱਖ-ਵੱਖ ਅਦਾਰਿਆਂ/ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਅਧੀਨ ਕੰਮ ਕਰਨ ਵਾਲੇ ਕੋਵਿਡ ਵਲੰਟੀਅਰਾਂ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਆਉਂਦੇ ਵੱਖ-ਵੱਖ ਸੰਸਥਾਵਾਂ/ਵਿੰਗਾਂ ਵਿਚ ਲੰਬੇ ਸਮੇਂ ਤੋਂ ਠੇਕੇ/ਆਊਟਸੋਰਸ ਤੇ ਵੱਖ-ਵੱਖ ਸਕੀਮਾਂ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਕੋਵਿਡ ਮਹਾਂਮਾਰੀ ਦੌਰਾਨ ਕੀਤੀ ਗਈ ਸੇਵਾ ਦੇ ਤਜਰਬੇ ਵਜੋਂ ਮੌਜੂਦਾ ਸਾਲ (ਮਿਤੀ 31.12.2026 ਤੱਕ) ਦੌਰਾਨ ਸਿਹਤ ਵਿਭਾਗ ਵਿੱਚ ਖਾਲੀ ਪਈਆਂ ਗਰੁੱਪ-ਸੀ ਅਤੇ ਗਰੁੱਪ-ਡੀ ਕਾਡਰ ਦੀਆਂ ਅਸਾਮੀਆਂ ਤੇ ਕੀਤੀਆਂ ਜਾਣ ਵਾਲੀਆਂ ਭਰਤੀਆਂ ਸਮੇਂ ਹੇਠ ਅਨੁਸਾਰ ਨੰਬਰਾਂ ਦਾ ਲਾਭ ਦੇਣ ਸਬੰਧੀ ਫੈਸਲਾ ਲਿਆ ਗਿਆ ਹੈ:-

| ਲੜੀ ਨੰ. | ਕੋਵਿਡ-19 ਮਹਾਂਮਾਰੀ ਦੌਰਾਨ ਕੰਮ ਕਰਨ ਦਾ ਸਮਾਂ | ਨੰਬਰ |
|---|---|---|
| 1. | ਉਹ ਕਰਮੀ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਵਿੱਚ ਇੱਕ ਸਾਲ ਤੋਂ ਘੱਟ ਸਮੇਂ | 05 ਨੰਬਰ |

| | | |
|---|---|---|
| | ਲਈ ਕੰਮ ਕੀਤਾ ਹੈ। | |
| 2. | ਉਹ ਕਰਮੀ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਵਿੱਚ ਇੱਕ ਸਾਲ ਤੋ ਵੱਧ ਸਮੇਂ ਲਈ ਕੰਮ ਕੀਤਾ ਹੈ। | 10 ਨੰਬਰ |

3. ਉਕਤ ਕਰਮਚਾਰੀਆਂ ਨੂੰ ਮੌਜੂਦਾ ਸਾਲ ਦੌਰਾਨ ਸਿਹਤ ਵਿਭਾਗ ਵੱਲੋਂ ਗਰੁੱਪ-ਸੀ ਅਤੇ ਗਰੁੱਪ-ਡੀ ਕਾਡਰ ਦੀਆਂ ਕੀਤੀਆਂ ਜਾਣ ਵਾਲੀਆਂ ਭਰਤੀਆਂ ਸਮੇਂ ਨੰਬਰਾਂ ਦਾ ਲਾਭ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿੱਤਾ ਜਾਵੇਗਾ:-

(i) ਕੋਵਿਡ ਮਹਾਂਮਾਰੀ ਦੇ ਸਮੇਂ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਜਾਂ ਇਸ ਦੇ ਵੱਖ-ਵੱਖ ਅਦਾਰਿਆਂ/ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਵਿੱਚ ਇੱਕ ਸਾਲ ਤੋਂ ਘੱਟ ਸਮੇਂ ਲਈ ਕੰਮ ਕਰਨ ਵਾਲੇ ਕਰਮੀਆਂ/ਵਲੰਟੀਅਰਾਂ ਨੂੰ ਤਜਰਬੇ ਦੇ 5 ਨੰਬਰ ਅਤੇ ਇੱਕ ਸਾਲ ਜਾਂ ਇੱਕ ਸਾਲ ਤੋਂ ਵੱਧ ਸਮੇਂ ਲਈ ਕੰਮ ਕਰਨ ਵਾਲੇ ਕਰਮੀਆਂ/ਵਲੰਟੀਅਰਾਂ ਨੂੰ ਤਜਰਬੇ ਦੇ 10 ਨੰਬਰ ਦਿੱਤੇ ਜਾਣਗੇ। ਇਸ ਤਰ੍ਹਾਂ ਲਿਖਤੀ ਪ੍ਰੀਖਿਆ 90 ਨੰਬਰ ਦੀ ਰੱਖੀ ਜਾਵੇਗੀ ਅਤੇ ਤਜਰਬੇ ਦਾ ਲਾਭ 10 ਨੰਬਰ ਤੱਕ ਹੀ ਸੀਮਿਤ ਹੋਵੇਗਾ;

(ii) ਕੋਵਿਡ ਮਹਾਂਮਾਰੀ ਦਾ ਸਮਾਂ ਕੇਵਲ ਮਾਰਚ 2020 ਤੋਂ ਜੂਨ 2021 ਤੱਕ ਦਾ ਹੀ ਮੰਨਿਆ ਜਾਵੇਗਾ, ਜਿਸ ਦੌਰਾਨ ਪੰਜਾਬ ਰਾਜ ਵਿੱਚ ਲਾਕ-ਡਾਊਨ/ਅੰਸ਼ਕ ਲਾਕ-ਡਾਊਨ ਲੱਗਿਆ ਹੋਇਆ ਸੀ;

(iii) ਕੋਵਿਡ ਮਹਾਂਮਾਰੀ ਦਾ ਤਜਰਬਾ ਸਰਟੀਫਿਕੇਟ ਸਬੰਧਤ ਸੰਸਥਾ ਦੇ ਮੁੱਖੀ ਪਾਸੋਂ ਵੈਰੀਫਾਈ ਕੀਤਾ ਹੋਇਆ ਹੀ ਵੈਲਿਡ ਮੰਨਿਆ ਜਾਵੇਗਾ;

(iv) ਮੌਜੂਦਾ ਸਾਲ ਦੌਰਾਨ ਸੇਵਾ/ਤਜਰਬੇ ਦੇ ਅਧਾਰ ਤੇ ਵਾਧੂ ਨੰਬਰਾਂ ਦਾ ਲਾਭ ਕੇਵਲ ਗਰੁੱਪ-ਸੀ ਅਤੇ ਗਰੁੱਪ-ਡੀ ਦੀਆਂ ਅਸਾਮੀਆਂ ਤੇ ਹੀ ਮਿਲਣਯੋਗ ਹੋਵੇਗਾ;

(v) ਸਬੰਧਤ ਕਰਮੀ ਨੂੰ ਤਜਰਬੇ ਦਾ ਲਾਭ ਕੇਵਲ ਉਸ ਸੂਰਤ ਵਿੱਚ ਹੀ ਮਿਲਣਯੋਗ ਹੋਵੇਗਾ ਜੇਕਰ ਉਸ ਵੱਲੋਂ ਅਪਲਾਈ ਕੀਤੀ ਜਾ ਰਹੀ ਆਸਾਮੀ ਵਿਰੁੱਧ ਹੀ ਬਤੌਰ ਠੇਕਾ/ਆਊਟਸੋਰਸ ਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ,ਪੰਜਾਬ/ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਦੇ ਵੱਖ-ਵੱਖ ਅਦਾਰਿਆਂ ਵਿਚ ਕੰਮ ਕੀਤਾ ਗਿਆ ਹੋਵੇਗਾ। ਉਦਾਹਰਨ ਵਜੋਂ ਜੇਕਰ ਕੋਈ ਕਰਮੀ ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ ਗ੍ਰੇਡ-2 ਦੀ ਅਸਾਮੀ ਤੇ ਅਪਲਾਈ ਕਰਦਾ ਹੈ ਤਾਂ ਉਸ ਨੂੰ ਤਜ਼ਰਬੇ ਵੱਜੋਂ ਨੰਬਰਾਂ ਦਾ ਲਾਭ ਤਾਂ ਹੀ ਮਿਲਣਯੋਗ ਹੋਵੇਗਾ, ਜੇਕਰ ਉਸ ਵੱਲੋਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕਿਸੇ ਅਦਾਰੇ ਵਿਖੇ ਮੈਡੀਕਲ ਲੈਬਾਰੇਟਰੀ ਟੈਕਨੀਸ਼ੀਅਨ ਗ੍ਰੇਡ-2 ਦੀ ਅਸਾਮੀ ਤੇ ਬਤੌਰ ਠੇਕਾ/ਆਊਟਸੋਰਸ ਕਰਮੀ ਕੋਵਿਡ ਮਹਾਂਮਾਰੀ ਦੌਰਾਨ ਕੰਮ ਕੀਤਾ ਗਿਆ ਹੋਵੇਗਾ। Same nature of duties/job responsibilities ਵਾਲੀਆਂ ਹੋਰ ਅਸਾਮੀਆਂ ਤੇ ਕੀਤੇ ਗਏ ਕੰਮ ਦਾ ਤਜਰਬਾ ਵਿਚਾਰਨਯੋਗ ਨਹੀਂ ਹੋਵੇਗਾ;

4. ਉਕਤ ਤੋਂ ਇਲਾਵਾ ਸਿਹਤ ਵਿਭਾਗ ਵੱਲੋਂ ਉਕਤ ਕਰਮੀਆਂ ਨੂੰ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 9/56/2020-5ਪੀ.ਪੀ-1/33 ਮਿਤੀ 12.01.2021 ਦੀ ਤਰਜ ਤੇ ਮੌਜੂਦਾ ਸਾਲ ਦੌਰਾਨ ਗਰੁੱਪ-ਸੀ ਅਤੇ ਗਰੁੱਪ-ਡੀ ਦੀਆਂ ਸਿੱਧੀ ਭਰਤੀ ਦੀਆਂ ਖਾਲੀ ਅਸਾਮੀਆਂ ਵਿਰੁੱਧ ਕੀਤੀ ਜਾਣ ਵਾਲੀ ਭਰਤੀ ਸਮੇਂ ਅਰਜੀ ਦੇਣ ਲਈ ਉੱਪਰਲੀ ਉਮਰ ਸੀਮਾ ਵਿੱਚ ਛੋਟ ਹੇਠ ਦਰਸਾਈਆਂ ਸ਼ਰਤਾ ਅਨੁਸਾਰ ਦਿੱਤੀ ਜਾਵੇਗੀ:-

(ੳ) ਉਮੀਦਵਾਰ ਵੱਲੋਂ ਜਿੰਨੇ ਸਾਲ/ਮਹੀਨੇ ਠੇਕੇ/ਆਊਟਸੋਰਸ ਦੇ ਆਧਾਰ ਤੇ ਪੰਜਾਬ ਸਰਕਾਰ ਦੇ ਕਿਸੇ ਵਿਭਾਗ ਜਾਂ ਅਦਾਰੇ ਵਿੱਚ ਕੰਮ ਕੀਤਾ ਹੋਵੇ, ਸਿੱਧੀ ਭਰਤੀ ਸਮੇਂ ਅਰਜ਼ੀ ਦੇਣ ਲਈ ਉਪਰਲੀ ਉਮਰ ਸੀਮਾ ਵਿੱਚੋਂ ਉਨ੍ਹੇਂ ਸਾਲ ਜਾਂ ਮਹੀਨੇ ਦੀ ਛੋਟ ਦਿੱਤੀ ਜਾਵੇਗੀ। ਪਰ ਇਹ ਛੋਟ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਮਿਲਣਯੋਗ ਹੋਵੇਗੀ, ਜੋ ਕਿ ਪੰਜਾਬ ਸਰਕਾਰ ਅਧੀਨ ਠੇਕੇ/ਆਊਟਸੋਰਸ਼ ਦੇ ਆਧਾਰ ਤੇ ਨੌਕਰੀ ਪ੍ਰਾਪਤ ਕਰਨ ਸਮੇਂ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਅਨੁਸਾਰ ਉਪਰਲੀ ਉਮਰ ਸੀਮਾ, ਵਿਦਿਅਕ ਯੋਗਤਾ ਅਤੇ ਹੋਰ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦੇ ਸਨ। ਇਨ੍ਹਾਂ ਹਦਾਇਤਾਂ ਤਹਿਤ ਉਮੀਦਵਾਰ ਕੇਵਲ ਉਸੇ ਆਸਾਮੀ ਲਈ ਉਪਰਲੀ ਉਮਰ ਸੀਮਾ ਵਿੱਚ ਛੋਟ ਦਾ ਲਾਭ ਪ੍ਰਾਪਤ ਕਰ ਸਕਣਗੇ, ਜਿਸ ਆਸਾਮੀ ਤੇ ਉਨ੍ਹਾਂ ਵੱਲੋਂ ਠੇਕੇ/ਆਊਟਸੋਰਸ ਦੇ ਆਧਾਰ ਤੇ ਕੰਮ ਕੀਤਾ ਗਿਆ ਹੋਵੇ। ਇਸ ਸਬੰਧ ਵਿੱਚ ਉਮੀਦਵਾਰ, ਜਿਸ ਵਿਭਾਗ/ਸੰਸਥਾ ਵਿੱਚ ਠੇਕੇ/ਆਊਟਸੋਰਸ ਤੇ ਕੰਮ ਕੀਤਾ ਗਿਆ ਹੈ, ਦੇ ਸੰਸਥਾ ਮੁੱਖੀ ਤੋਂ ਨਿਰਧਾਰਿਤ ਪ੍ਰੋਫਾਰਮੇ ਵਿੱਚ ਸਰਟੀਫਿਕੇਟ ਪ੍ਰਾਪਤ ਕਰੇਗਾ;

(ਅ) ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਅਧੀਨ ਠੇਕੇ/ਆਊਟਸੋਰਸ ਦੇ ਆਧਾਰ ਤੇ ਘੱਟੋ ਘੱਟ ਤਿੰਨ ਮਹੀਨੇ ਦੀ ਸੇਵਾ ਕੀਤੀ ਹੋਵੇ;

(ੲ) ਪੰਜਾਬ ਸਰਕਾਰ ਅਧੀਨ ਠੇਕੇ/ਆਊਟਸੋਰਸ ਦੇ ਆਧਾਰ ਤੇ ਕੀਤੀ ਗਈ ਸੇਵਾ ਵਿੱਚ ਖਲਾਅ (Breaks) ਗਿਣਨਯੋਗ ਨਹੀਂ ਹੋਵੇਗਾ। ਭਾਗ ਸਾਲ (Part year) ਦਾ ਸਮਾਂ ਗਿਣਨਯੋਗ ਹੋਵੇਗਾ;

(ਸ) ਠੇਕੇ/ਆਊਟਸੋਰਸ ਦੇ ਆਧਾਰ ਤੇ ਪੰਜਾਬ ਸਰਕਾਰ ਅਧੀਨ ਕੰਮ ਕਰ ਚੁੱਕੇ ਉਮੀਦਵਾਰ, ਜੋ ਕਿ ਹੁਣ ਅਜਿਹੀ ਸੇਵਾ ਵਿੱਚ ਨਹੀਂ ਹਨ ਅਤੇ ਜਿਨ੍ਹਾਂ ਨੂੰ ਸੇਵਾ ਛੱਡਿਆਂ ਇੱਕ ਸਾਲ ਤੋਂ ਵੱਧ ਸਮਾਂ ਹੋਇਆ ਹੈ, ਵੱਲੋਂ ਵੀ ਜਿੰਨੇ ਸਾਲ ਠੇਕੇ/ਆਊਟਸੋਰਸ ਦੇ ਆਧਾਰ ਤੇ ਪੰਜਾਬ ਸਰਕਾਰ ਅਧੀਨ ਸੇਵਾ ਕੀਤੀ ਹੈ, ਸਿੱਧੀ ਭਰਤੀ ਸਮੇਂ ਅਰਜ਼ੀ ਦੇਣ ਲਈ ਉਪਰਲੀ ਉਮਰ ਸੀਮਾ ਵਿੱਚੋਂ ਉਨ੍ਹੇ ਸਾਲਾਂ ਜਾਂ ਮਹੀਨੇ ਦੀ ਛੋਟ ਦਿੱਤੀ ਜਾਵੇਗੀ। ਅਜਿਹੀ ਸਥਿਤੀ ਵਿੱਚ ਉਪਰਲੀ ਉਮਰ ਸੀਮਾ ਵਿੱਚ ਛੋਟ ਦੇਣ ਸਬੰਧੀ ਉਹ ਉਮੀਦਵਾਰ ਨਹੀਂ ਵਿਚਾਰੇ ਜਾਣਗੇ, ਜਿਨ੍ਹਾਂ ਨੂੰ ਸਜ਼ਾ ਵੱਜੋ ਸੇਵਾ ਵਿੱਚੋਂ ਕੱਢਿਆ ਗਿਆ ਹੋਵੇ।

ਇਹ ਛੋਟ ਵੀ ਕੇਵਲ ਉਨ੍ਹਾਂ ਉਮੀਦਵਾਰਾ ਨੂੰ ਹੀ ਮਿਲਣਯੋਗ ਹੋਵੇਗੀ, ਜੋ ਕਿ ਪੰਜਾਬ ਸਰਕਾਰ ਅਧੀਨ ਠੇਕੇ/ਆਊਟਸੋਰਸ ਦੇ ਆਧਾਰ ਤੇ ਨੌਕਰੀ ਪ੍ਰਾਪਤ ਕਰਨ ਸਮੇਂ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਅਨੁਸਾਰ ਉਪਰਲੀ ਉਮਰ ਸੀਮਾ, ਵਿੱਦਿਅਕ ਸ਼ਰਤਾਂ ਅਤੇ ਹੋਰ ਯੋਗਤਾਵਾਂ ਪੂਰੀਆਂ ਕਰਦੇ ਸਨ;

26/2/2026

(ਹ) ਇਹ ਛੋਟ ਕੇਵਲ ਇੱਕ ਆਸਾਧਾਰਣ ਮਾਪ (exceptional measure) ਵੱਜੋਂ ਸਿਹਤ ਵਿਭਾਗ ਵੱਲੋਂ ਮੌਜੂਦਾ ਸਾਲ (ਮਿਤੀ 31.12.2026 ਤੱਕ) ਦੌਰਾਨ ਗਰੁੱਪ-ਸੀ ਅਤੇ ਗਰੁੱਪ-ਡੀ ਦੀਆਂ ਸਿੱਧੀ ਭਰਤੀ ਦੀਆਂ ਖਾਲੀ ਅਸਾਮੀਆਂ ਵਿਰੁੱਧ ਕੀਤੀ ਜਾਣ ਵਾਲੀ ਭਰਤੀ ਤੇ ਲਾਗੂ ਹੋਵੇਗੀ।

5899 ES

5. ਇਹ ਹੁਕਮ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਵੱਲੋਂ ਪੱਤਰ ਨੰ. 01/26/2026-1ਕੈਬ/511-516 ਮਿਤੀ 23.02.2026 ਰਾਹੀਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤੇ ਜਾਂਦੇ ਹਨ।

02 MAR 2026

6. ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

ਡਾਕ ਪ੍ਰਾਪਤੀ

ਮਿਤੀ, ਚੰਡੀਗੜ੍ਹ;
25.02.2026

ਕੁਮਾਰ ਰਾਹੁਲ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ।

ਪਿੱ.ਅੰ.ਨੰ.1037633:HFW-HLH5021/161/2025-2H5/I/1329187/2026 ਮਿਤੀ, ਚੰਡੀਗੜ੍ਹ;26.02.2026

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ, (ਮੰਤਰੀ ਮੰਡਲ ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ. 01/26/2026-1ਕੈਬ/511-516 ਮਿਤੀ 23.02.2026 ਦੇ ਸਬੰਧ ਵਿੱਚ;
2. ਸੁਪਰਡੰਟ, ਪ੍ਰਸੋਨਲ ਪਾਲਿਸੀਜ਼-2 ਨੂੰ ਉਨ੍ਹਾਂ ਦੇ ਪੱਤਰ ਨੰ.PERS-PP-20MISC/6/2026-1PP2/I/1306295/2026 ਮਿਤੀ 02.02.2026 ਰਾਹੀਂ ਦਿੱਤੀ ਅਗਵਾਈ ਦੇ ਹਵਾਲੇ ਵਿਚ;
3. ਸਮੂਹ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਆਉਂਦੇ ਵਿੰਗਾਂ/ਸੰਸਥਾਵਾਂ ਦੇ ਮੁੱਖੀ (ਪ੍ਰਫਾਰਮਾ ਨੱਥੀ);
4. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ (ਪ੍ਰਫਾਰਮਾ ਨੱਥੀ); DHS
5. ਸਮੂਹ ਸਕੱਤਰੇਤ ਸਿਹਤ ਸ਼ਾਖਾਵਾਂ।

(ਜਗਦੀਪ ਕਪਿਲ)
ਸੁਪਰਡੰਟ